# ਨਿਊਜ਼ ਰਿਲੀਜ਼

Ontario

**ਵਿੱਤ ਮੰਤਰਾਲਾ**

## *ਤੁਹਾਡੇ ਲਈ ਓਨਟੈਰੀਓ ਬਣਾਉਣਾ*

### ਓਨਟੈਰੀਓ ਦੀ *2024 ਦੀ ਪੱਤਝੜ ਦੀ ਆਰਥਿਕ ਸਟੇਟਮੈਂਟ* ਕਾਮਿਆਂ ਅਤੇ ਪਰਿਵਾਰਾਂ ਲਈ ਲਾਗਤਾਂ ਨੂੰ ਘੱਟ ਰੱਖਦੇ ਹੋਏ ਸੂਬਾਈ ਅਰਥਚਾਰੇ ਦੇ ਪੁਨਰ ਨਿਰਮਾਣ ਵਿੱਚ ਨਿਵੇਸ਼ ਕਰਨਾ ਜਾਰੀ ਰੱਖ ਰਹੀ ਹੈ।

ਖ਼ਬਰਾਂ

ਅਕਤੂਬਰ 30, 2024

ਟੋਰਾਂਟੋ — ਅੱਜ, ਵਿੱਤ ਮੰਤਰੀ Peter Bethlenfalvy ਨੇ *"2024 ਓਨਟੈਰੀਓ ਆਰਥਿਕ ਦ੍ਰਿਸ਼ਟੀਕੋਣ ਅਤੇ ਵਿੱਤੀ ਸਮੀਖਿਆ: ਤੁਹਾਡੇ ਲਈ ਓਨਟਾਰੀਓ ਬਣਾਉਣਾ" ਨੂੰ ਰਿਲੀਜ਼ ਕੀਤਾ।* ਸਰਕਾਰ ਸਾਡੇ ਵਧ ਰਹੇ ਭਾਈਚਾਰਿਆਂ ਨੂੰ ਲੋੜੀਂਦੇ ਅਤੀ-ਅਹਿਮ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ, ਟੈਕਸਾਂ ਨੂੰ ਘੱਟ ਰੱਖ ਕੇ ਅਤੇ ਤੁਹਾਡੀ ਜੇਬ ਵਿੱਚ ਵਧੇਰੇ ਪੈਸਾ ਵਾਪਸ ਪਾ ਕੇ, ਤੰਗੀ ਨੂੰ ਘਟਾਉਣ, ਅਤੇ ਜੀਵਨ ਨੂੰ ਹੋਰ ਕਿਫਾਇਤੀ ਬਣਾਉਣ ਲਈ ਵਿੱਤੀ ਤੌਰ 'ਤੇ ਜ਼ਿੰਮੇਵਾਰ ਪਹੁੰਚ ਅਪਣਾਉਣਾ ਜਾਰੀ ਰੱਖ ਰਹੀ ਹੈ।

"ਸਾਡੀ ਸਰਕਾਰ ਦੀ ਜ਼ਿੰਮੇਵਾਰ ਪਹੁੰਚ ਦੇ ਨਤੀਜੇ ਵਜੋਂ *2024 ਦੇ ਬਜਟ* ਤੋਂ ਬਾਅਦ ਵਿੱਤੀ ਸਥਿਤੀ ਵਿੱਚ ਸੁਧਾਰ ਹੋਇਆ ਹੈ, ਜਿਸ ਨਾਲ ਸਾਨੂੰ ਟੈਕਸ ਘੱਟ ਰੱਖਣ, ਸੜਕਾਂ, ਹਾਈਵੇਅ, ਹਸਪਤਾਲਾਂ ਅਤੇ ਸਕੂਲਾਂ ਵਰਗੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨ ਅਤੇ ਲਾਗਤਾਂ ਘੱਟ ਰੱਖਣ ਦੀ ਸਾਡੀ ਯੋਜਨਾ ਦੇ ਹਿੱਸੇ ਵਜੋਂ ਓਨਟੈਰੀਓ ਦੇ ਪਰਿਵਾਰਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਵਿੱਚ ਮਦਦ ਮਿਲੀ ਹੈ, "ਮੰਤਰੀ Bethlenfalvy ਨੇ ਕਿਹਾ। "ਅਸੀਂ ਆਪਣੇ ਸੂਬੇ ਨੂੰ ਰਹਿਣ, ਕੰਮ ਕਰਨ ਅਤੇ ਪਰਿਵਾਰ ਪਾਲਣ ਲਈ ਸਭ ਤੋਂ ਵਧੀਆ ਸਥਾਨ ਬਣਾਉਣ ਵਾਸਤੇ ਓਨਟੈਰੀਓ ਦੇ ਵਿਕਾਸ ਨੂੰ ਸਮਰਥਨ ਦੇਣ ਅਤੇ ਓਨਟੈਰੀਓ ਦੀ ਆਰਥਿਕਤਾ ਦਾ ਪੁਨਰ ਨਿਰਮਾਣ ਕਰਨ ਲਈ ਜ਼ਿੰਮੇਵਾਰੀ ਨਾਲ ਨਿਵੇਸ਼ ਕਰਨਾ ਜਾਰੀ ਰੱਖਣ ਜਾ ਰਹੇ ਹਾਂ, ਅਤੇ ਇਹ ਸਭ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦੇ ਬੋਝ ਨੂੰ ਘਟਾਉਣ ਦੇ ਨਾਲ-ਨਾਲ ਕੀਤਾ ਜਾਵੇਗਾ।"

ਸਰਕਾਰ ਦੀ ਯੋਜਨਾ ਵਿੱਤੀ ਪਾੜੇ ਨੂੰ ਘਟਾਉਂਦੀ ਹੈ ਅਤੇ 2026-27 ਤੱਕ ਬਜਟ ਨੂੰ ਸੰਤੁਲਿਤ ਕਰਨ ਦਾ ਰਾਹ ਬਰਕਰਾਰ ਰੱਖਦੀ ਹੈ, ਏਥੋਂ ਤੱਕ ਕਿ ਅਨਿਸ਼ਚਿਤ ਅੰਤਰਰਾਸ਼ਟਰੀ ਆਰਥਿਕ ਸਥਿਤੀਆਂ ਅਤੇ ਸਰਕਾਰ ਦੇ ਨਿਯੰਤਰਣ ਤੋਂ ਬਾਹਰ ਦੀਆਂ ਹੋਰ ਸਮੱਸਿਆਵਾਂ ਦੇ ਬਾਵਜੂਦ ਵੀ। *2024 ਦੇ ਬਜਟ*, ਦੀ ਤੁਲਨਾ ਵਿੱਚ ਓਨਟੈਰੀਓ ਵਿੱਚ 2024 ਵਿੱਚ ਅਸਲ GDP ਅਤੇ ਰੁਜ਼ਗਾਰ ਦੋਵਾਂਵਿੱਚ ਮਜ਼ਬੂਤ ਵਾਧਾ ਦੇਖਣ ਦਾ ਵੀ ਅਨੁਮਾਨ ਹੈ।

*2024 ਦੀ ਪੱਤਝੜ ਦੀ ਆਰਥਿਕ ਸਟੇਟਮੈਂਟ* ਵਿੱਚ ਸਰਕਾਰ ਲਾਗਤਾਂ ਨੂੰ ਕਿਵੇਂ ਘੱਟ ਰੱਖ ਰਹੀ ਹੈ, ਇਸ ਦੀਆਂ ਮੁੱਖ ਗੱਲਾਂ ਵਿੱਚ ਇਹ ਸ਼ਾਮਲ ਹਨ:

- ਅਗਲੇ ਸਾਲ ਦੇ ਸ਼ੁਰੂ ਵਿੱਚ ਟੈਕਸਦਾਤਾ ਲਈ $200 ਦੀ ਛੋਟ ਪ੍ਰਦਾਨ ਕਰਨਾ, ਜੋ ਉੱਚ ਵਿਆਜ ਦਰਾਂ ਅਤੇ ਸੰਘੀ ਸਰਕਾਰ ਦੇ ਕਾਰਬਨ ਟੈਕਸ ਦੇ ਮੱਦੇਨਜ਼ਰ ਓਨਟੈਰੀਓ ਪਰਿਵਾਰਾਂ ਲਈ ਤੁਰੰਤ ਰਾਹਤ ਪ੍ਰਦਾਨ ਕਰੇਗੀ। ਇਹ ਪ੍ਰਸਤਾਵਿਤ $200 ਦੀ ਟੈਕਸਦਾਤਾ ਵਾਸਤੇ ਛੋਟ ਓਨਟੈਰੀਓ ਵਿੱਚ ਉਹਨਾਂ ਸਾਰੇ ਯੋਗ ਬਾਲਗਾਂ ਨੂੰ ਭੇਜੀ ਜਾਵੇਗੀ ਜਿਨ੍ਹਾਂ ਨੇ 31 ਦਸੰਬਰ, 2024 ਤੱਕ ਆਪਣੀ 2023 ਦੀ ਇਨਕਮ ਟੈਕਸ ਅਤੇ ਬੈਨੀਫਿਟ ਰਿਟਰਨ ਭਰੀ ਹੈ। ਯੋਗ ਪਰਿਵਾਰਾਂ ਨੂੰ 18 ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ ਵਾਧੂ $200 ਪ੍ਰਾਪਤ ਹੋਣਗੇ।

- ਆਰਜ਼ੀ ਗੈਸ ਟੈਕਸ ਅਤੇ ਈਂਧਣ ਟੈਕਸ ਦਰਾਂ ਵਿੱਚ ਕਟੌਤੀਆਂ ਨੂੰ ਹੋਰ ਵਧਾਉਣ ਦਾ ਪ੍ਰਸਤਾਵ ਹੈ ਤਾਂ ਜੋ ਗੈਸੋਲੀਨ ਅਤੇ ਈਂਧਣ (ਡੀਜ਼ਲ) 'ਤੇ ਟੈਕਸ ਦੀ ਦਰ 30 ਜੂਨ, 2025 ਤੱਕ 9 ਸੈਂਟ ਪ੍ਰਤੀ ਲੀਟਰ ਬਣੀ ਰਹੇ। ਇਸ ਨਾਲ ਜੁਲਾਈ 2022 ਤੋਂ ਤਿੰਨ ਸਾਲਾਂ ਵਿੱਚ ਔਸਤਨ, ਓਨਟੈਰੀਓ ਦੇ ਪਰਿਵਾਰਾਂ ਨੂੰ $380 ਦੀ ਬੱਚਤ ਹੋਵੇਗੀ। ਇਹ ਰਾਹਤ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਸੰਘੀ ਸਰਕਾਰ ਦਾ ਕਾਰਬਨ ਟੈਕਸ 1 ਅਪ੍ਰੈਲ, 2025 ਨੂੰ ਫਿਰ ਤੋਂ ਵਧਣ ਲਈ ਤਿਆਰ ਹੈ।

- 2026 ਤੋਂ ਸ਼ੁਰੂ ਕਰਦੇ ਹੋਏ, ਸਰਕਾਰ ਉਹਨਾਂ 1,360 ਯੋਗ ਅੰਡਰਗਰੈਜੂਏਟ ਵਿਦਿਆਰਥੀਆਂ ਲਈ "ਸਿੱਖੋ ਅਤੇ ਠਹਿਰੋ" (Learn and Stay) ਗ੍ਰਾਂਟਾਂ ਦਾ ਵਿਸਤਾਰ ਕਰਨ ਲਈ ਤਿੰਨ ਸਾਲਾਂ ਵਿੱਚ ਅੰਦਾਜ਼ਨ $88 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ ਜੋ ਗ੍ਰੈਜੂਏਟ ਹੋਣ ਤੋਂ ਬਾਅਦ ਮਰੀਜ਼ਾਂ ਦੇ ਪੂਰੇ ਰੋਸਟਰ ਨਾਲ ਪਰਿਵਾਰਕ ਦਵਾਈ ਦਾ ਅਭਿਆਸ ਕਰਨ ਲਈ ਵਚਨਬੱਧ ਹੁੰਦੇ ਹਨ। ਇਸ ਵਿੱਚ 2026-27 ਅਕਾਦਮਿਕ ਸਾਲ ਲਈ $17.7 ਮਿਲੀਅਨ ਦੀ ਰਕਮ ਸ਼ਾਮਲ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਕੀਤਾ ਗਿਆ ਕੁੱਲ ਨਿਵੇਸ਼, ਫੈਮਿਲੀ ਡਾਕਟਰਾਂ ਲਈ ਔਸਤ ਅਟੈਚਮੈਂਟ ਦਰਾਂ ਦੇ ਆਧਾਰ 'ਤੇ ਮੁੱਢਲੀ ਦੇਖਭਾਲ (primary care) ਨਾਲ ਵਾਧੂ 1.36 ਮਿਲੀਅਨ ਲੋਕਾਂ ਦੇ ਕਨੈਕਸ਼ਨ ਨੂੰ ਸਮਰੱਥ ਬਣਾਵੇਗਾ। ਫੰਡ-ਸਹਾਇਤਾ ਓਨਟੈਰੀਓ ਵਿੱਚ ਕਿਸੇ ਵੀ ਭਾਈਚਾਰੇ ਵਿੱਚ ਇੱਕ ਡਾਕਟਰ ਵਜੋਂ ਸੇਵਾ ਦੀ ਮਿਆਦ ਦੇ ਬਦਲੇ ਸਾਰੀਆਂ ਟਿਊਸ਼ਨਾਂ ਅਤੇ ਹੋਰ ਸਿੱਧੇ ਵਿੱਦਿਅਕ ਖ਼ਰਚਿਆਂ ਜਿਵੇਂ ਕਿ ਕਿਤਾਬਾਂ, ਸਪਲਾਈਆਂ ਅਤੇ ਸਾਜ਼ੋ-ਸਾਮਾਨ ਨੂੰ ਕਵਰ ਕਰੇਗੀ।

- ਪ੍ਰਜਣਨ ਇਲਾਜ ਦੀ ਮੰਗ ਕਰ ਰਹੇ ਪਰਿਵਾਰਾਂ ਲਈ ਪਹੁੰਚ ਦਾ ਵਿਸਤਾਰ ਕਰਨਾ। 2025-26 ਤੋਂ ਸ਼ੁਰੂ ਕਰਦੇ ਹੋਏ, ਸਰਕਾਰ ਓਨਟੈਰੀਓ ਫਰਟਿਲਟੀ ਪ੍ਰੋਗਰਾਮ (Ontario Fertility Program - OFP) ਦਾ ਵਿਸਤਾਰ ਕਰਨ ਲਈ ਦੋ ਸਾਲਾਂ ਵਿੱਚ $150 ਮਿਲੀਅਨ ਦਾ ਵਾਧੂ ਨਿਵੇਸ਼ ਕਰੇਗੀ। ਇਹ ਫੰਡਿੰਗ ਉਹਨਾਂ ਵਿਅਕਤੀਆਂ ਦੀ ਸੰਖਿਆ ਨੂੰ ਲਗਭਗ ਤਿੰਨ ਗੁਣਾਂ ਕਰ ਦੇਵੇਗੀ ਜੋ ਸਰਕਾਰ ਦੁਆਰਾ ਫੰਡ-ਸਹਾਇਤਾ ਪ੍ਰਾਪਤ ਇਨ-ਵਿਟਰੋ ਫਰਟੀਲਾਈਜ਼ੇਸ਼ਨ (IVF) ਗੇੜ ਪ੍ਰਾਪਤ ਕਰਨ ਦੇ ਯੋਗ ਹਨ, ਜਿਸ ਨਾਲ ਪ੍ਰਜਣਨ ਕਲੀਨਿਕਾਂ ਦੀ ਸਮਰੱਥਾ ਵਧ ਜਾਵੇਗੀ ਅਤੇ ਹਸਪਤਾਲਾਂ ਅਤੇ ਭਾਈਚਾਰਕ ਸਥਾਪਨਾਵਾਂ ਵਿੱਚ ਉਡੀਕ ਸੂਚੀਆਂ ਘਟ ਜਾਣਗੀਆਂ। 2025 ਵਿੱਚ, ਸਰਕਾਰ ਇੱਕ ਨਵੇਂ ਟੈਕਸ ਕ੍ਰੈਡਿਟ ਰਾਹੀਂ ਪ੍ਰਜਣਨ ਇਲਾਜ ਦੀ ਮੰਗ ਕਰ ਰਹੇ ਪਰਿਵਾਰਾਂ ਲਈ ਵਾਧੂ ਸਹਾਇਤਾ ਪ੍ਰਦਾਨ ਕਰੇਗੀ, ਜੋ ਓਨਟੈਰੀਓ ਦੇ ਨਿਵਾਸੀਆਂ ਨੂੰ ਯੋਗ ਪ੍ਰਜਣਨ ਇਲਾਜ ਖਰਚਿਆਂ ਦੇ 25 ਪ੍ਰਤੀਸ਼ਤ ਤੱਕ ਦੀ ਸਹਾਇਤਾ ਪ੍ਰਦਾਨ ਕਰੇਗੀ, ਇਹ ਰਕਮ ਵੱਧ ਤੋਂ ਵੱਧ $5,000 ਪ੍ਰਤੀ ਸਾਲ ਤੱਕ ਹੋ ਸਕਦੀ ਹੈ, ਜਿਸ ਵਿੱਚ IVF ਦੇ ਗੇੜ, ਪ੍ਰਜਣਨ ਸ਼ਕਤੀ ਦੀਆਂ ਦਵਾਈਆਂ, ਇਲਾਜ ਲਈ ਯਾਤਰਾ ਅਤੇ ਡਾਇਗਨੌਸਟਿਕ ਟੈਸਟਿੰਗ ਸ਼ਾਮਲ ਹੋ ਸਕਦੇ ਹਨ। ਸਰਕਾਰ ਤਿੰਨ ਸਾਲਾਂ ਵਿੱਚ ਇਸ ਪਹਿਲਕਦਮੀ ਲਈ $115 ਮਿਲੀਅਨ ਨਿਰਧਾਰਤ ਕਰ ਰਹੀ ਹੈ।

- ਓਨਟੈਰੀਓ ਮਿਊਂਸੀਪਲ ਪਾਰਟਨਰਸ਼ਿਪ ਫੰਡ (Ontario Municipal Partnership Fund - OMPF) - ਜੋ ਨਗਰਪਾਲਿਕਾਵਾਂ ਲਈ ਸੂਬੇ ਦੀ ਮੁੱਖ ਆਮ ਸਹਾਇਤਾ ਗ੍ਰਾਂਟ ਹੈ - ਨੂੰ ਅਗਲੇ ਦੋ ਸਾਲਾਂ ਵਿੱਚ $100 ਮਿਲੀਅਨ ਵਧਾਉਣਾ, ਜਿਸ ਨਾਲ 2026 ਤੱਕ ਇਸ ਪ੍ਰੋਗਰਾਮ ਦੁਆਰਾ ਪ੍ਰਦਾਨ ਕੀਤੀ ਗਈ ਕੁੱਲ ਫੰਡ-ਸਹਾਇਤਾ ਨੂੰ $600 ਮਿਲੀਅਨ ਤੱਕ ਪਹੁੰਚਾਇਆ ਜਾਵੇਗਾ। 2025 ਵਿੱਚ, ਨਗਰਪਾਲਿਕਾਵਾਂ ਨੂੰ OMPF ਵਿੱਚ ਤੁਰੰਤ $50 ਮਿਲੀਅਨ ਵਾਧੇ ਦਾ ਲਾਭ ਹੋਵੇਗਾ।

“ਅਸੀਂ ਓਨਟੈਰੀਓ ਦੀ ਆਰਥਿਕਤਾ ਦਾ ਪੁਨਰ ਨਿਰਮਾਣ ਕਰਨ, ਓਨਟੈਰੀਓ ਦੇ ਕਾਮਿਆਂ ਲਈ ਬਿਹਤਰ ਨੌਕਰੀਆਂ ਅਤੇ ਵੱਡੀਆਂ ਤਨਖਾਹਾਂ ਦੀ ਸਿਰਜਣਾ ਕਰਨ ਦੀ ਸਾਡੀ ਯੋਜਨਾ ਨੂੰ ਪੂਰਾ ਕਰ ਰਹੇ ਹਾਂ, ਜਦੋਂ ਕਿ ਪਰਿਵਾਰਾਂ ਅਤੇ ਕਾਰੋਬਾਰਾਂ ਲਈ ਲਾਗਤਾਂ ਨੂੰ ਘੱਟ ਰੱਖਿਆ ਗਿਆ ਹੈ,” ਮੰਤਰੀ Bethlenfalvy ਨੇ ਕਿਹਾ। "ਅਸੀਂ ਕਰਮਚਾਰੀਆਂ, ਪਰਿਵਾਰਾਂ ਅਤੇ ਨਗਰਪਾਲਿਕਾਵਾਂ ਦਾ ਸਮਰਥਨ ਕਰ ਰਹੇ ਹਾਂ, ਮਜ਼ਬੂਤ ਭਾਈਚਾਰਿਆਂ ਅਤੇ ਆਉਣ ਵਾਲੇ ਸਾਲਾਂ ਲਈ ਬਿਹਤਰ ਮੌਕਿਆਂ ਦੀ ਸਿਰਜਣਾ ਕਰਨ ਲਈ ਉਹਨਾਂ ਦੀ ਸਫਲਤਾ ਵਿੱਚ ਨਿਵੇਸ਼ ਕਰ ਰਹੇ ਹਾਂ।"

*ਝਟਪਟ ਤੱਥ*

- ਸਰਕਾਰ ਹੁਣ 2024-25 ਵਿੱਚ $6.6 ਬਿਲੀਅਨ ਦੇ ਘਾਟੇ ਦਾ ਅਨੁਮਾਨ ਲਗਾ ਰਹੀ ਹੈ - ਜੋ *2024 ਦੇ ਬਜਟ* ਵਿੱਚ ਪ੍ਰਕਾਸ਼ਿਤ ਦ੍ਰਿਸ਼ਟੀਕੋਣ ਤੋਂ $3.2 ਬਿਲੀਅਨ ਦਾ ਸੁਧਾਰ ਹੈ। ਇਹ ਨਵੀਨਤਮ ਆਰਥਿਕ ਅਤੇ ਮਾਲੀਆ ਜਾਣਕਾਰੀ ਅਤੇ ਨਿਕਟ-ਮਿਆਦ ਦੇ ਖਤਰਿਆਂ ਨੂੰ ਘੱਟ ਕਰਨ ਲਈ ਮੁਕਾਬਲਤਨ ਉੱਚੇ ਸੰਕਟਾਂ ਨੂੰ ਦਰਸਾਉਂਦਾ ਹੈ।

- ਮੱਧਮ ਮਿਆਦ ਦੇ ਦੌਰਾਨ, ਸਰਕਾਰ ਨੇ 2025-26 ਵਿੱਚ $1.5 ਬਿਲੀਅਨ ਦੇ ਵਿੱਤੀ ਘਾਟੇ ਦਾ ਅਨੁਮਾਨ ਲਗਾਇਆ ਹੈ, ਜਿਸ ਤੋਂ ਬਾਅਦ 2026-27 ਵਿੱਚ $0.9 ਬਿਲੀਅਨ ਦਾ ਸਰਪਲੱਸ ਹੋਵੇਗਾ।

- 2024-25 ਲਈ ਓਨਟੈਰੀਓ ਦੇ ਸ਼ੁੱਧ ਕਰਜ਼-ਅਤੇ-GDP ਦਾ ਅਨੁਪਾਤ 37.8 ਪ੍ਰਤੀਸ਼ਤ ਹੋਣ ਦਾ ਅਨੁਮਾਨ ਹੈ। ਮੱਧਮ ਮਿਆਦ ਦੇ ਦੌਰਾਨ, ਸ਼ੁੱਧ ਕਰਜ਼-ਅਤੇ-GDP ਦਾ ਅਨੁਪਾਤ 2025-26 ਵਿੱਚ 37.9 ਪ੍ਰਤੀਸ਼ਤ ਅਤੇ 2026-27 ਵਿੱਚ 37.5 ਪ੍ਰਤੀਸ਼ਤ ਹੋਣ ਦਾ ਅਨੁਮਾਨ ਹੈ।

- ਓਨਟੈਰੀਓ ਦੇ ਇਤਿਹਾਸਕ ਬੁਨਿਆਦੀ ਢਾਂਚੇ ਦੇ ਨਿਵੇਸ਼ ਵਿੱਚ ਅਗਲੇ ਦਹਾਕੇ ਦੌਰਾਨ ਆਵਾਜਾਈ, ਹਾਈਵੇਅ, ਬਸੇਰਾ-ਸਮਰੱਥ ਬਣਾਉਣ ਵਾਲੇ ਬੁਨਿਆਦੀ ਢਾਂਚੇ, ਹਸਪਤਾਲਾਂ, ਸਕੂਲ, ਲੰਮੇ ਸਮੇਂ ਦੀ ਦੇਖਭਾਲ ਦੀਆਂ ਸਹੂਲਤਾਂ ਅਤੇ ਹੋਰ ਅਤੀ-ਅਹਿਮ ਜਨਤਕ ਬੁਨਿਆਦੀ ਢਾਂਚੇ ਦੇ ਨਿਰਮਾਣ ਅਤੇ ਸੁਧਾਰ ਲਈ $191 ਬਿਲੀਅਨ ਤੋਂ ਵੱਧ ਸ਼ਾਮਲ ਹਨ।

- 14 ਨਵੰਬਰ, 2024 ਨੂੰ, ਸਰਕਾਰ *2025 ਦੇ ਬਜਟ* ਵਾਸਤੇ ਜਾਣਕਾਰੀ ਇਕੱਤਰ ਕਰਨ ਵਿੱਚ ਮਦਦ ਕਰਨ ਲਈ ਸਲਾਹ-ਮਸ਼ਵਰੇ ਸ਼ੁਰੂ ਕਰੇਗੀ ਅਤੇ ਓਨਟੈਰੀਓ ਨਿਵਾਸੀਆਂ ਕੋਲੋਂ ਅੱਜ ਦੀਆਂ ਸਭ ਤੋਂ ਵੱਧ ਜ਼ਰੂਰੀ ਚੁਣੌਤੀਆਂ ਬਾਰੇ ਵਿਚਾਰ ਸੁਣੇਗੀ, ਜਿਵੇਂ ਕਿ ਜੀਵਨ ਨੂੰ ਹੋਰ ਕਿਫਾਇਤੀ ਬਣਾਉਣਾ, ਹੋਰ ਘਰ, ਸਕੂਲ ਬਣਾਉਣਾ, ਅਤੇ ਓਨਟੈਰੀਓ ਦੇ ਵਰਕਰਾਂ ਲਈ ਵਧੀਆ ਨੌਕਰੀਆਂ ਪੈਦਾ ਕਰਨਾ।

## ਵਾਧੂ ਸਾਧਨ

*ਪੜ੍ਹੋ: “ਓਨਟੈਰੀਓ ਆਰਥਿਕ ਦ੍ਰਿਸ਼ਟੀਕੋਣ ਅਤੇ ਵਿੱਤੀ ਸਮੀਖਿਆ: ਤੁਹਾਡੇ ਲਈ ਓਨਟਾਰੀਓ ਬਣਾਉਣਾ“*

*“ਤੁਹਾਡੇ ਲਈ ਓਨਟਾਰੀਓ ਬਣਾਉਣਾ”* ਦੀਆਂ ਝਲਕੀਆਂ ਪੜ੍ਹੋ

ਪੜ੍ਹੋ: *ਪਿਛੋਕੜ: ਆਰਥਿਕ ਅਤੇ ਵਿੱਤੀ ਸਾਰ*

ਪੜ੍ਹੋ: *2024 ਬਜਟ: ਇੱਕ ਮਜ਼ਬੂਤ ਓਨਟਾਰੀਓ ਬਣਾਉਣਾ*

## ਮੀਡੀਆ ਸੰਪਰਕ

Colin Blachar
ਮੰਤਰੀ ਦਾ ਦਫ਼ਤਰ
416-325-0400
Colin.Blachar@ontario.ca

Scott Blodgett
ਸੰਚਾਰ ਬ੍ਰਾਂਚ
416-728-9791
Scott.Blodgett@ontario.ca

Ontario.ca/finance-news

Disponible en français